ਨਿਊਜ਼ ਰਿਲੀਜ਼

# ਚੰਗੇਰਾ, ਵਧੇਰੇ ਤੇਜ਼, ਵਧੇਰੇ ਪੁੱਜਤਯੋਗ ਆਟੋ ਇੰਸ਼ੋਰੈਂਸ

21 ਨਵੰਬਰ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਇਕ ਨਵਾਂ ਆਟੋ ਇੰਸ਼ੋਰੈਂਸ ਸਿਸਟਮ ਲਿਆ ਰਹੀ ਹੈ ਜਿਹੜਾ ਐਲਬਰਟਾ ਵਾਸੀਆਂ ਨੂੰ ਚੰਗੇਰੀਆਂ ਅਤੇ ਵਧੇਰੇ ਤੇਜ਼ ਸੇਵਾਵਾਂ ਮੁਹੱਈਆ ਕਰੇਗਾ, ਜਦੋਂ ਕਿ ਆਟੋ ਇੰਸ਼ੋਰੈਂਸ ਪ੍ਰੀਮੀਅਮ ਘਟਣਗੇ।

ਇਕ ਆਨਲਾਈਨ ਸਰਵੇਖਣ ਦੁਆਰਾ 16,000 ਤੋਂ ਵਧੇਰੇ ਐਲਬਰਟਾ ਨਿਵਾਸੀਆਂ ਵੱਲੋਂ ਆਟੋ ਇੰਸ਼ੋਰੈਂਸ ਪਾਲਿਸੀਆਂ ਬਾਰੇ ਉਨ੍ਹਾਂ ਦੀਆਂ ਤਰਜ਼ੀਹਾਂ ਸੁਣਨ ਮਗਰੋਂ, ਐਲਬਰਟਾ ਸਰਕਾਰ ਇਕ ਪ੍ਰਾਈਵੇਟ ਤੌਰ 'ਤੇ ਦਿੱਤਾ ਜਾਣ ਵਾਲਾ ਸਿਹਤ-ਸੰਭਾਲ ਕੇਂਦਰਿਤ ਨਵਾਂ ਆਟੋ ਇੰਸ਼ੋਰੈਂਸ ਲਿਆ ਰਹੀ ਹੈ।

ਇਸ ਵੇਲੇ, ਸੂਬੇ ਵਿਚ ਮਿਲਣ ਵਾਲਾ ਇੰਸ਼ੋਰੈਂਸ ਪੁੱਜਤਯੋਗ ਜਾਂ ਸਿਹਤ-ਸੰਭਾਲ ਕੇਂਦਰਿਤ ਨਹੀਂ ਹੈ। ਹਾਦਸਿਆਂ ਵਿਚ ਸੱਟਾਂ ਖਾਣ ਵਾਲੇ ਐਲਬਰਟਾ ਵਾਸੀ ਇਸ ਸਿਸਟਮ 'ਚ, ਜਿਸ 'ਚੋਂ ਗੁਜ਼ਰਨਾਂ ਗੁੰਝਲਦਾਰ ਹੈ, ਸਮੇਂ ਸਿਰ ਮੈਡੀਕਲ ਸਾਂਭ-ਸੰਭਾਲ ਅਤੇ ਆਮਦਨੀ ਦੀ ਸਹਾਇਤਾ ਪ੍ਰਾਪਤ ਨਹੀਂ ਕਰ ਪਾਉਂਦੇ,  ਜਿਸਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ। ਜਦੋਂ ਪੂਰੀ ਤਰ੍ਹਾਂ ਲਾਗੂ ਹੋ ਗਿਆ, ਐਲਬਰਟਾ ਦਾ ਨਵਾਂ ਆਟੋ ਇੰਸ਼ਰੈਂਸ ਸਿਸਟਮ ਹਾਦਸਿਆਂ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਚੰਗੇਰੀ ਅਤੇ ਵਧੇਰੇ ਤੇਜ਼ ਸਿਹਤ-ਸੰਭਾਲ ਪ੍ਰਦਾਨ ਕਰੇਗਾ ਅਤੇ ਐਲਬਰਟਾ ਨਿਵਾਸੀ 400 ਡਾਲਰ ਪ੍ਰਤਿ ਸਾਲ ਤੱਕ ਦੀਆਂ ਬੱਚਤਾਂ ਹੁੰਦੀਆਂ ਵੇਖਣਗੇ।

"ਐਲਬਰਟਾ ਨਿਵਾਸੀ ਸਪੱਸ਼ਟ ਹਨ ਕਿ ਉਨ੍ਹਾਂ ਨੂੰ ਅਜਿਹੇ ਆਟੋ ਇੰਸ਼ਰੈਂਸ ਦੀ ਲੋੜ ਹੈ ਜਿਹੜਾ ਚੰਗੇਰੀ ਅਤੇ ਵਧੇਰੇ ਤੇਜ਼ ਸਾਂਭ-ਸੰਭਾਲ ਪ੍ਰਦਾਨ ਕਰੇ ਅਤੇ ਵਧੇਰੇ ਪੁੱਜਤਯੋਗ ਹੋਵੇ। ਜਦੋਂ ਇਹ ਲਾਗੂ ਹੋ ਗਿਆ, ਸਾਡਾ ਪ੍ਰਾਈਵੇਟ ਤੌਰ 'ਤੇ ਪ੍ਰਦਾਨ, ਸਿਹਤ-ਸੰਭਾਲ ਕੇਂਦਰਿਤ ਇੰਸ਼ੋਰੈਂਸ ਸਿਸਟਮ ਐਲਬਰਟਾ ਵਾਸੀਆਂ ਦੀ ਰਿਕਵਰੀ 'ਤੇ ਧਿਆਨ ਕੇਂਦਰਿਤ ਕਰੇਗਾ, ਵਧੇਰੇ ਅਸਰਦਾਇਕ ਸਹਾਇਤਾ ਪ੍ਰਦਾਨ ਕਰੇਗਾ ਅਤੇ ਘੱਟ ਰੇਟ ਦੇਵੇਗਾ।"

*Danielle Smith, ਪ੍ਰੀਮੀਅਰ*

“ਆਟੋ ਇੰਸ਼ੋਰੈਂਸ ਦੀਆਂ ਉੱਚੀਆਂ ਦਰਾਂ ਐਲਬਰਟਾ ਵਾਸੀਆਂ 'ਤੇ ਤਣਾਅ ਪਾਉਂਦੀਆਂ ਹਨ। ਉਸ ਸਿਸਟਮ ਵੱਲ ਨੂੰ ਤਬਦੀਲ ਹੁੰਦਿਆਂ, ਜਿਹੜਾ ਚੰਗੇਰੇ ਬੈਨੇਫਿਟ ਅਤੇ ਸਹਾਇਤਾ ਪੇਸ਼ ਕਰਦਾ ਹੈ, ਅਸੀਂ ਐਲਬਰਟਾ ਵਾਸੀਆਂ ਨੂੰ ਘੱਟ ਖਰਚਿਆਂ ਨਾਲ ਚੰਗੇਰੀ ਅਤੇ ਵਧੇਰੇ ਤੇਜ਼ ਸਾਂਭ-ਸੰਭਾਲ ਪ੍ਰਦਾਨ ਕਰ ਰਹੇ ਹਾਂ।”

*Nate Horner, ਪ੍ਰੈਜ਼ੀਡੈਂਟ ਆਫ ਟ੍ਰਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

ਐਲਬਰਟਾ ਨਿਵਾਸੀ ਜਿਹੜੇ ਹਾਦਸੇ ਕਾਰਨ ਸੱਟਾਂ ਤੋਂ ਪੀੜਤ ਹੁੰਦੇ ਹਨ, ਮੌਜੂਦਾ ਸਮੇਂ ਇਕ ਸਾਦਾ ਕਲੇਮ ਵਾਸਤੇ ਮਹੀਨਿਆਂ ਤੱਕ ਉਡੀਕ ਕਰਦੇ ਹਨ ਅਤੇ ਵਧੇਰੇ ਗੰਭੀਰ ਅਤੇ ਜੀਵਨ-ਪਲਟਾਊ ਸੱਟਾਂ ਨਾਲ ਸਬੰਧਤ ਕਲੇਮਾਂ ਨੂੰ ਨਿਪਟਦਿਆਂ ਉਨ੍ਹਾਂ ਨੂੰ ਵਰ੍ਹਿਆਂ ਤੱਕ ਉਡੀਕ ਕਰਨੀ ਪੈ ਸਕਦੀ ਹੈ। ਇਸ ਤੋਂ ਇਲਾਵਾ ਮੈਡੀਕਲ ਅਤੇ ਵਿੱਤੀ ਬੈਨੇਫਿਟ ਜੋ ਉਨ੍ਹਾਂ ਨੂੰ ਪ੍ਰਾਪਤ ਹੁੰਦੇ ਹਨ, ਉਨ੍ਹਾਂ ਦੇ ਪੂਰੀ ਤਰ੍ਹਾਂ ਤੰਦਰੁਸਤ ਹੋਣ ਤੋਂ ਪਹਿਲਾਂ ਖਤਮ ਹੋ ਜਾਂਦੇ ਹਨ।

ਨਵੇਂ ਸਿਸਟਮ ਤਹਿਤ, ਉਹ ਐਲਬਰਟਾ  ਨਿਵਾਸੀ, ਜਿੰਨ੍ਹਾ ਨੂੰ ਘਾਤਕ ਪ੍ਰਕਾਰ ਦੀਆਂ ਸੱਟ ਲੱਗ ਜਾਂਦੀਆਂ ਹਨ,  ਉਹ ਆਪਣੀ ਬਾਕੀ ਦੀ ਰਹਿੰਦੀ ਉਮਰ ਵਾਸਤੇ ਇਲਾਜ ਅਤੇ ਸਿਹਤ-ਸੰਭਾਲ ਪ੍ਰਾਪਤ ਕਰਨਗੇ। ਉਹ ਜਿੰਨ੍ਹਾਂ ਨੂੰ ਗੰਭੀਰ ਸੱਟਾਂ ਲੱਗ ਜਾਂਦੀਆਂ ਹਨ, ਉਨੇ ਸਮੇਂ ਲਈ ਇਲਾਜ ਪ੍ਰਾਪਤ ਕਰਨਗੇ, ਜਿੰਨੇ ਚਿਰ ਤੱਕ ਉਹ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੋ ਜਾਂਦੇ। ਇਹ ਤਬਦੀਲੀਆਂ ਸਸਕੈਚਵਾਨ ਦੇ ਇੰਸ਼ੋਰੈਂਸ ਮਾਡਲ ਨੂੰ ਦਰਸਾਉਂਦੀਆਂ ਤੇ ਉਨ੍ਹਾਂ ਦੇ ਆਧਾਰ 'ਤੇ ਬਣੀਆਂ ਹਨ, ਜਿਥੇ ਕਸੂਰਵਾਰ ਡਰਾਈਵਰਾਂ, ਜੇਕਰ ਉਹ ਕਿਸੇ ਕ੍ਰਿਮੀਨਲ ਅਪਰਾਧ, ਜਿਵੇਂ ਖਰਾਬ ਡਰਾਈਵਿੰਗ ਜਾਂ ਖਤਰਨਾਕ ਢੰਗ ਦੀ ਡਰਾਈਵਿੰਗ ਜਾਂ *ਟ੍ਰੈਫਿਕ ਸੇਫਟੀ ਐਕਟ* ਤਹਿਤ ਕਿਸੇ ਖਾਸ ਅਪਰਾਧ ਲਈ ਦੋਸ਼-ਸਿੱਧ ਅਪਰਾਧੀ ਪਾਏ ਜਾਂਦੇ ਹਨ, ਉੱਪਰ ਪੀੜਾਂ ਅਤੇ ਦੁੱਖ ਵਾਸਤੇ ਕੇਸ ਕੀਤਾ ਜਾ ਸਕਦਾ ਹੈ।

ਇਸ ਨਵੇਂ ਆਟੋ ਇੰਸ਼ੋਰੈਂਸ ਸਿਸਟਮ 'ਤੇ ਕੰਮ ਕਰਨ ਲਈ 2025 ਦੀ ਬਹਾਰ ਰੁੱਤੇ ਕਾਨੂੰਨ ਲਿਆਉਣ ਦੀ ਜ਼ਰੂਰਤ ਹੋਵੇਗੀ। 3.4 ਮਿਲੀਅਨ ਐਲਬਰਟਾ ਵਾਸੀਆਂ ਵਾਸਤੇ ਆਟੋ-ਇੰਸ਼ੋਰੈਂਸ ਪਾਲਿਸੀਆਂ ਨੂੰ ਮੁੜ-ਬਣਾਉਣ ਲਈ ਆਟੋ ਇੰਸ਼ੋਰੈਂਸ ਕੰਪਨੀਆਂ ਨੂੰ ਨਵਾਂ ਸਿਸਟਮ ਬਣਾਉਣ ਅਤੇ ਲਾਗੂ ਕਰਨ ਵਾਸਤੇ ਸਮਾਂ ਚਾਹੀਦਾ ਹੈ। ਐਲਬਰਟਾ ਸਰਕਾਰ ਨਵੇਂ ਸਿਸਟਮ ਨੂੰ ਜਨਵਰੀ 2027 ਤੱਕ ਪੂਰੀ ਤਰ੍ਹਾਂ ਲਾਗੂ ਕਰਨ ਲਈ ਆਸਵੰਦ ਹੈ।

ਅੰਤਰਿਮ ਰੂਪ 'ਚ, ਜਨਵਰੀ 2025 'ਚ ਸ਼ੁਰੂ ਕਰਦਿਆਂ ਗੁੱਡ ਡਰਾਈਵਰ ਰੇਟ ਕੈਪ ਉੱਚ-ਕਾਨੂੰਨੀ ਲਾਗਤਾਂ, ਵਾਹਨਾਂ ਦੇ ਨੁਕਸਾਨ ਦੀ ਮੁਰੰਮਤ ਦੇ ਵਧ ਰਹੇ ਖਰਚਿਆਂ ਅਤੇ ਕੁਦਰਤੀ ਆਫਤਾਂ ਦੇ ਖਰਚਿਆਂ ਕਾਰਨ 7.5% ਵਾਧੇ 'ਤੇ ਵਿਵਸਥਿਤ ਕੀਤੀ ਜਾਵੇਗੀ। ਇਹ ਗੱਲ ਚੰਗੇ ਡਰਾਈਵਰਾਂ ਦਾ ਦਰਾਂ ਦੇ ਮਹੱਤਵਪੂਰਨ ਵਾਧਿਆਂ ਤੋਂ ਬਚਾਅ ਕਰਦੀ ਹੈ, ਜਦੋਂ ਕਿ ਆਟੋ ਇੰਸ਼ੋਰੈਂਸ ਪ੍ਰਦਾਨ-ਕਰਤਿਆਂ ਦੇ ਐਲਬਰਟਾ 'ਚ ਵਿੱਤੀ ਤੌਰ 'ਤੇ ਬਣੇ ਰਹਿਣ ਨੂੰ ਵਿਹਾਰਕ ਬਣਾਉਂਦੀ ਹੈ।

ਐਲਬਰਟਾ ਨਿਵਾਸੀ ਸਪੱਸ਼ਟ ਹਨ ਕਿ ਉਹ ਅਜੇ ਵੀ ਚਾਹੁੰਦੇ ਹਨ ਕਿ ਪ੍ਰੀਮੀਅਮ ਖਤਰੇ 'ਤੇ ਆਧਾਰਿਤ ਹੋਣ। ਮਾੜੇ ਡਰਾਈਵਰ ਚੰਗੇ ਡਰਾਈਵਰਾਂ ਨਾਲੋਂ ਵੱਧ ਪ੍ਰੀਮੀਅਮ ਅਦਾ ਕਰਨਾਂ ਜਾਰੀ ਰੱਖਣਗੇ।

ਮਹੱਤਵਪੂਰਨ ਰੂਪ 'ਚ ਵਧਾਏ ਹੋਏ ਮੈਡੀਕਲ, ਰੀ-ਹੈਬਿਲੀਟੇਸ਼ਨ ਅਤੇ ਆਮਦਨੀ ਸਹਾਇਤਾ ਦੇ ਬੈਨੇਫਿਟ ਪ੍ਰਦਾਨ ਕਰਨ ਦੁਆਰਾ, ਇਹ ਸਿਸਟਮ ਹਾਦਸਿਆਂ 'ਚ ਸੱਟਾਂ ਲਵਾ ਲੈਣ ਵਾਲੇ ਐਲਬਰਟਾ ਵਾਸੀਆਂ ਦੀ ਸਹਾਇਤਾ ਕਰਦਾ ਹੈ, ਨਾਲ ਹੀ ਐਲਬਰਟਾ ਵਾਸੀਆਂ ਵੱਲੋਂ ਆਪਣੇ ਇੰਸ਼ੋਰੈਂਸ ਵਾਸਤੇ ਦਿੱਤੀ ਜਾਂਦੀ ਰਕਮ ਉੱਪਰ ਕਾਨੂੰਨੀ ਖਰਚਿਆਂ ਦੇ ਪੈਂਦੇ ਅਸਰ ਨੂੰ ਘਟਾਉਂਦਾ ਹੈ।

“ਐਲਬਰਟਾ ਵਾਸੀਆਂ ਦੀ ਜੇਬਾਂ 'ਚ ਵਧੇਰੇ ਪੈਸੇ ਨੂੰ ਬਣੇ ਰਹਿਣ ਦੇਣਾ ਜਿਊਂਣ ਦੇ ਵਧ ਰਹੇ ਖਰਚਿਆਂ ਨਾਲ ਨਿਪਟਣ ਦਾ ਇਕ ਉੱਤਮ ਤਰੀਕਾ ਹੈ। ਇਸ ਸਿਸਟਮ ਦੀ ਕੇਅਰ-ਫਸਟ ਆਟੋਮੋਬਾਈਲ ਇੰਸ਼ੋਰੈਂਸ ਸਿਸਟਮ ਵੱਲ ਨੂੰ ਤਬਦੀਲੀ ਸੂਬੇ ਭਰ ਦੇ ਲੋਕਾਂ ਲਈ ਪ੍ਰੀਮੀਅਮ ਘੱਟ ਕਰਨ 'ਚ ਮਦਦ ਕਰਨ ਦੁਆਰਾ, ਬਿਲਕੁਲ ਉਹੀ ਕਰੇਗੀ।”

*Nathan Neudorf, ਮਿਨਸਿਟਰ ਆਫ ਅਫੋਰਡੇਬਿਲਿਟੀ ਐਂਡ ਯੂਟਿਲੀਟੀਜ਼*

# ਫੌਰੀ ਤੱਥ

- ਐਲਬਰਟਾ ਸਰਕਾਰ ਨੇ ਦੋ ਆਟੋ ਇੰਸ਼ੋਰੈਂਸ ਰਿਪੋਰਟਾਂ ਤਿਆਰ ਕੀਤੀਆਂ, ਜੋ ਦਰਸਾਉਂਦੀਆਂ ਹਨ ਕਿ ਸੂਬੇ ਦੇ ਮੌਜੂਦਾ ਸਿਸਟਮ ਨਾਲ ਜੁੜੀਆਂ ਹੋਈਆਂ ਕਾਨੂੰਨੀ ਫੀਸਾਂ ਅਤੇ ਮੁਕੱਦਮੇਬਾਜ਼ੀ ਦੇ ਖਰਚੇ ਪ੍ਰੀਮੀਅਮ ਨੂੰ ਮਹੱਤਵਪੂਰਨ ਰੂਪ 'ਚ ਵਧਾਉਂਦੇ ਹਨ।
- ਐੱਮ ਐੱਨ ਪੀ ਦੁਆਰਾ 2023 ਦੀ ਇਕ ਰਿਪੋਰਟ 2018 ਅਤੇ 2022 ਦਰਮਿਆਨ ਹਾਦਸਿਆਂ ਨਾਲ ਸਬੰਧਿਤ ਕਾਨੂੰਨੀ ਮੁਕੱਦਮਿਆਂ 'ਚ 48 ਪ੍ਰਤਿਸ਼ਤ ਦੇ ਵਾਧੇ ਨੂੰ ਦਰਸਾਉਂਦੀ ਹੈ, ਜਿਸ ਨਾਲ ਮੁਕੱਦਮੇਬਾਜ਼ੀ ਦੇ ਖਰਚੇ 1.2 ਬਿਲੀਅਨ ਡਾਲਰ ਤੋਂ ਵੀ ਪਾਰ ਚਲੇ ਗਏ।
- ਐਲਬਰਟਾ ਸਰਕਾਰ ਨੇ ਆਟੋ ਇੰਸ਼ੋਰੈਂਸ ਬਾਰੇ ਫੀਡਬੈਕ ਪ੍ਰਾਪਤ ਕਰਨ ਲਈ ਅਪਰੈਲ 2024 'ਚ ਆਨਲਾਈਨ ਪਬਲਿਕ ਸਰਵੇਖਣ ਕਰਵਾਇਆ।

## ਸਬੰਧਤ ਜਾਣਕਾਰੀ

- ਆਟੋਮੋਬਾਈਲ ਇੰਸ਼ੋਰੈਂਸ ਸੁਧਾਰ
- ਆਟੋਮੋਬਾਈਲ ਇੰਸ਼ੋਰੈਂਸ ਬਾਰੇ ਆਦਾਨ-ਪ੍ਰਦਾਨ

# ਸਬੰਧਤ ਖਬਰਾਂ

- Good drivers to benefit from auto insurance changes (1 ਨਵੰਬਰ 2023)
- Taking action on insurance (26 ਜਨਵਰੀ 2023)

# ਮਲਟੀਮੀਡਆ

- ਨਿਊਜ਼ ਕਾਂਨਫਰੰਸ ਵੇਖੋ

# ਮੀਡੀਆ ਇੰਨਕੁਆਰੀਆਂ


## Savannah Johannsen

780-686-3521
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

## Justin Brattinga

587-357-2956
ਪ੍ਰੈੱਸ ਸੈਕਰੇਟਰੀ, ਟ੍ਰਈਜ਼ਰੀ ਬੋਰਡ ਐਂਡ ਫਾਇਨੈਂਸ

## Ashley M Stevenson
587-357-2141
ਪ੍ਰੈੱਸ ਸੈਕਰੇਟਰੀ,

ਪ੍ਰੈੱਸ ਸੈਕਰੇਟਰੀ, ਅਫੋਰਡੇਬਿਲਿਟੀ ਐਂਡ ਯੂਟਿਲਿਟੀਜ਼